# ਬ੍ਰੈਂਪਟਨ ਕਾਉਂਸਿਲ ਦੇ ਪ੍ਰਸਤਾਵ ਅਤੇ ਬਾਇ-ਲਾਅ ਸਾਈਨ ਬੋਰਡਾਂ ਬਾਰੇ ਅੱਪਡੇਟ

ਬ੍ਰੈਂਪਟਨ, ਓਨਟੈਰੀਓ (28 ਜਨਵਰੀ, 2020) – 22 ਜਨਵਰੀ ਨੂੰ ਹੋਈ ਆਪਣੀ ਮੀਟਿੰਗ ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਅਜਿਹੇ ਸਾਈਨ ਬੋਰਡ ਲਗਾਉਣ ਤੇ ਪਾਬੰਦੀ ਲਗਾਉਣ ਲਈ ਇੱਕ ਪ੍ਰਸਤਾਵ ਪਾਸ ਕੀਤਾ, ਜਿਹਨਾਂ ਉੱਤੇ ਸੋਸ਼ਲ ਮੀਡੀਆ ਖਾਤਾ ਜਾਂ ਉਮੀਦਵਾਰ ਦੀ ਪਛਾਣ ਜਾਂ ਹਵਾਲਾ ਹੋਵੇ। ਇਹ ਪ੍ਰਸਤਾਵ ਸਿਟੀ ਦੇ ਸਾਈਨ ਬਾਇ-ਲਾਅ (ਸਾਈਨ ਬੋਰਡਾਂ ਬਾਰੇ ਉਪ-ਕਨੂੰਨ) (Sign By-law) ਦੀ ਸਮੀਖਿਆ ਪੂਰੀ ਹੋਣ ਤੱਕ ਲਾਗੂ ਰਹੇਗਾ।

ਇਸ ਪ੍ਰਸਤਾਵ ਵਿੱਚ ਦਿੱਤਾ ਗਿਆ ਹੈ:

ਬ੍ਰੈਂਪਟਨ ਵਿੱਚ ਸਾਈਨ ਬੋਰਡ ਦੇ ਵਿਜੁਅਲ ਭੂਦ੍ਰਿਸ਼ ਦੇ ਨਾਲ ਪ੍ਰਗਟਾਵੇ ਦੀ ਅਜ਼ਾਦੀ ਨੂੰ ਸੰਤੁਲਿਤ ਕਰਨ ਦੇ ਹਿੱਤ ਵਿੱਚ, ਨਿਰਵਾਚਿਤ ਅਧਿਕਾਰੀ ਜਾਂ ਉਮੀਦਵਾਰ (ਮਤਲਬ ਮੈਂਬਰ ਆਫ ਕਾਉਂਸਿਲ, ਸੂਬਾਈ ਜਾਂ ਫੈਡਰਲ ਦਫ਼ਤਰ, ਜਾਂ ਜਿਸ ਵਿੱਚ ਉਹਨਾਂ ਦੀ ਫੋਟੋ, ਵੈਬਸਾਈਟ ਜਾਂ ਸੋਸ਼ਲ ਮੀਡੀਆ ਦਾ ਲਿੰਕ ਹੋਵੇ) ਦੀ ਪਛਾਣ ਵਾਲੇ ਸਾਈਨ ਬੋਰਡਾਂ ਦੀ ਵਰਤੋਂ ਦੀ ਇਜਾਜ਼ਤ ਉਦੋਂ ਤੱਕ ਨਾ ਦਿੱਤੀ ਜਾਵੇ, ਜਦੋਂ ਤੱਕ ਸਾਈਨ ਬਾਇ-ਲਾਅ 399-2002 ਦੀ ਸਮੀਖਿਆ ਪੂਰੀ ਨਾ ਹੋਵੇ ਜਾਂ ਕਾਉਂਸਿਲ ਵੱਲੋਂ ਉਹਨਾਂ ਦੇ ਸੋਧ ਤੇ ਵਿਚਾਰ ਨਾ ਕੀਤਾ ਜਾਵੇ।

ਇਸ ਪ੍ਰਸਤਾਵ ਵਿੱਚ "ਰਫ਼ਤਾਰ ਘੱਟ ਕਰੋ" ("slow down") ਦੇ ਸਾਈਨ ਬੋਰਡਾਂ ਨੂੰ ਪੋਸਟ ਕਰਨ ਦੀ ਇਜਾਜ਼ਤ ਨੂੰ ਜਾਰੀ ਰੱਖਣ ਲਈ ਕਿਹਾ ਗਿਆ ਹੈ ਕਿਉਂਕਿ 9 ਜਨਵਰੀ ਦੇ ਸਿਟੀ ਦੇ ਬਿਆਨ ਦੇ ਮੁਤਾਬਕ ਸਿਟੀ ਨੇ ਸਾਈਨ ਬਾਇ-ਲਾਅ ਦੀ ਵਿਆਪਕ ਸਮੀਖਿਆ ਕੀਤੀ ਹੈ। ਹਾਲਾਂਕਿ, ਕੋਈ ਵੀ "ਰਫ਼ਤਾਰ ਘੱਟ ਕਰੋ" ਦੇ ਜਾਂ ਦੂਜੇ ਸਾਈਨ ਬੋਰਡ, ਜੋ 22 ਜਨਵਰੀ, 2020 ਤੋਂ ਬਾਅਦ ਲਗਾਏ ਗਏ ਸਨ, ਕਾਉਂਸਿਲ ਦੇ ਪ੍ਰਸਤਾਵ ਦੇ ਅਨੁਕੂਲ ਹੋਣੇ ਲਾਜ਼ਮੀ ਹਨ, ਇਸ ਸ਼ਰਤ ਸਮੇਤ ਕਿ ਹਵਾਲਾ ਦਿੱਤੀ ਕਿਸੇ ਵੀ ਵੈਬਸਾਈਟ ਵਿੱਚ ਕਿਸੇ ਨਿਰਵਾਚਿਤ ਅਧਿਕਾਰੀ ਦੀ ਪਛਾਣ ਨਾ ਹੋਵੇ। ਇਸ ਪ੍ਰਸਤਾਵ ਵਿੱਚ "ਕਿਰਪਾ ਕਰਕੇ ਰਫ਼ਤਾਰ ਘੱਟ ਕਰੋ" ("please slow down") ਦੇ ਸਾਈਨ ਬੋਰਡਾਂ ਨੂੰ ਪੋਸਟ ਕਰਨ ਦੀ ਇਜਾਜ਼ਤ ਨੂੰ ਜਾਰੀ ਰੱਖਣ ਲਈ ਕਿਹਾ ਗਿਆ ਹੈ, ਜਿਹਨਾਂ ਲਈ ਸਾਈਨ ਬਾਇ-ਲਾਅ ਦੇ ਸੈਕਸ਼ਨ 8(4) ਹੇਠ ਇਜਾਜ਼ਤ ਦਿੱਤੀ ਗਈ ਹੈ। ਇਹ ਛੋਟ 2002 ਵਿੱਚ ਮਨਜ਼ੂਰ ਕੀਤੀ ਗਈ ਸੀ। 9 ਜਨਵਰੀ ਦੇ ਸਿਟੀ ਦੇ ਬਿਆਨ ਦੇ ਮੁਤਾਬਕ ਸਿਟੀ, ਸਾਈਨ ਬਾਇ-ਲਾਅ ਦੀ ਵਿਆਪਕ ਸਮੀਖਿਆ ਜਾਰੀ ਰੱਖੇਗੀ।

ਅਜਿਹੇ ਸਾਈਨ ਬੋਰਡਾਂ ਲਈ ਲਾਜ਼ਮੀ ਹੈ ਕਿ ਇਹ ਸਾਈਨ ਬਾਇ-ਲਾਅ ਦੀਆਂ ਹੋਰ ਸਾਰੀਆਂ ਸ਼ਰਤਾਂ ਦੀ ਪਾਲਣਾ ਵੀ ਕਰਨ, ਇਸ ਸ਼ਰਤ ਸਮੇਤ ਕਿ ਸਾਈਨ ਬੋਰਡ ਪ੍ਰਾਈਵੇਟ ਪ੍ਰਾਪਰਟੀ ਤੇ ਲਗਾਏ ਜਾਣ (ਸੜਕ ਦੇ ਅਧਿਕਾਰਤ ਰਸਤੇ ਤੇ ਨਹੀਂ), ਇਹਨਾਂ ਦਾ ਅਕਾਰ 4.3 ਵਰਗ ਫੁੱਟ ਤੱਕ ਸੀਮਿਤ ਹੋਵੇ ਅਤੇ ਇਹ ਤਿਕੋਣੇ ਦਿੱਸਣ ਦੇ ਹਿਸਾਬ ਨਾਲ ਨਾ ਲਗਾਏ ਜਾਣ। ਨਿਵਾਸੀਆਂ ਨੂੰ ਆਪਣੀ ਪ੍ਰਾਪਰਟੀ ਦੀਆਂ ਬਾਊਂਡਰੀਜ ਦੀਆਂ ਸੀਮਾਵਾਂ ਦੀ ਪੁਸ਼ਟੀ ਕਰਨ ਲਈ ਆਪਣਾ ਪ੍ਰਾਪਰਟੀ ਸਰਵੇਖਣ ਦੇਖਣਾ ਚਾਹੀਦਾ ਹੈ। ਸਾਈਨ ਬੋਰਡਾਂ ਨਾਲ ਸਬੰਧਤ ਹੋਰ ਆਮ ਰੈਗੂਲੇਸ਼ਨ ਅਤੇ ਪਾਬੰਦੀਆਂ, ਸਾਈਨ ਬਾਇ-ਲਾਅ ਦੇ ਸੈਕਸ਼ਨ 5 ਵਿੱਚ ਦੇਖੀਆਂ ਜਾ ਸਕਦੀਆਂ ਹਨ। ਬੱਸ ਸ਼ੈਲਟਰਾਂ ਸਮੇਤ ਸਿਟੀ ਦੀ ਮਾਲਕੀ ਵਾਲੇ ਅਰਬਨ ਫਰਨੀਚਰ (Urban Furniture) ਜਿਹੀ, ਸਿਟੀ ਦੀ ਪ੍ਰਾਪਰਟੀ ਤੇ ਇਸ਼ਤਿਹਾਰ ਲਗਾਉਣਾ, ਐਡਵਾਰਟਾਈਜਿੰਗ ਔਨ ਸਿਟੀ ਪ੍ਰਾਪਰਟੀ (Advertising on City Property) ਨਾਲ ਸਬੰਧਤ ਸਿਟੀ ਦੀ ਮਨਜ਼ੂਰ ਕੀਤੀ ਪਾਲਸੀ ਵੱਲੋਂ ਨਿਯੰਤਰਿਤ ਹੈ। ਇਹ ਸਾਈਨ ਬਾਇ-ਲਾਅ ਦੇ ਅਧੀਨ ਨਹੀਂ ਹੈ। ਸਿਟੀ ਨੂੰ ਉਮੀਦ ਹੈ ਕਿ ਉਹ ਇਸ ਸਾਲ ਦੇ ਅੰਤ ਵਿੱਚ, ਆਪਣੀ ਵਿਆਪਕ ਸਾਈਨ-ਬਾਇ ਲਾਅ ਸਮੀਖਿਆ ਦਾ ਨਤੀਜਾ ਸਿਟੀ ਕਾਉਂਸਿਲ ਨੂੰ ਪੇਸ਼ ਕਰ ਦੇਵੇਗੀ।

-30-

Service and Information Update


**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca